# Visit of Foreign Secretary to Europe

October 28, 2020

……………………………………………………………………………………………………

# ਵਿਦੇਸ਼ ਸਕੱਤਰ ਵੱਲੋਂ ਯੂਰਪ ਦੀ ਫੇਰੀ

28 ਅਕਤੂਬਰ, 2020

ਵਿਦੇਸ਼ ਸਕੱਤਰ ਸ਼੍ਰੀ ਹਰਸ਼ਵਰਧਨ ਸ਼ਰਿੰਗਲਾ 29 ਅਕਤੂਬਰ ਤੋਂ 4 ਨਵੰਬਰ, 2020 ਤੱਕ ਫਰਾਂਸ, ਜਰਮਨੀ ਅਤੇ ਬ੍ਰਿਟੇਨ ਦੇ ਦੌਰੇ ’ਤੇ ਜਾਣਗੇ। ਫਰਾਂਸ, ਜਰਮਨੀ ਅਤੇ ਇੰਗਲੈਂਡ ਭਾਰਤ ਦੇ ਰਣਨੀਤਕ ਭਾਈਵਾਲ ਹਨ ਅਤੇ ਅਜਿਹੇ ਦੇਸ਼ ਹਨ ਜਿਨ੍ਹਾਂ ਨਾਲ ਭਾਰਤ ਦੇ ਨੇੜਲੇ ਅਤੇ ਚੰਗੀ ਤਰਾਂ ਸਥਾਪਤ ਸੰਬੰਧ ਹਨ। ਇਹ ਦੁਵੱਲੇ ਸਬੰਧ ਬਹੁਪੱਖੀ ਹਨ ਅਤੇ ਤੇਜ਼ੀ ਨਾਲ ਅੱਗੇ ਵਧੇ ਹਨ।

ਆਪਣੀ ਫੇਰੀ ਦੌਰਾਨ ਵਿਦੇਸ਼ ਸਕੱਤਰ ਦੁਵੱਲੇ ਸਬੰਧਾਂ ਦਾ ਜਾਇਜ਼ਾ ਲੈਣਗੇ ਅਤੇ ਆਪਸੀ ਹਿੱਤਾਂ ਦੇ ਮੁੱਦਿਆਂ ਬਾਰੇ ਵਿਚਾਰ ਵਟਾਂਦਰੇ ਕਰਨਗੇ ਅਤੇ ਆਪਣੇ ਹਮਰੁਤਬਾਵਾਂ ਅਤੇ ਅਤੇ ਹੋਰ ਪ੍ਰਮੁੱਖ ਵਾਰਤਾਕਾਰਾਂ ਨਾਲ ਭਾਰਤੀ ਨਜ਼ਰੀਏ ਸਾਂਝੇ ਕਰਨਗੇ। ਉਹ ਇਨ੍ਹਾਂ ਤਿੰਨਾਂ ਦੇਸ਼ਾਂ ਦੇ ਕਾਰੋਬਾਰੀਆਂ, ਵਿਦਵਾਨਾਂ, ਬੁੱਧੀਜੀਵੀਆਂ ਅਤੇ ਮੀਡੀਆ ਨਾਲ ਜੁੜੇ ਵਿਅਕਤੀਆਂ ਨਾਲ ਵੀ ਗੱਲਬਾਤ ਕਰਨਗੇ। ਵਿਦੇਸ਼ ਸਕੱਤਰ ਮੌਜੂਦਾ ਮਹਾਂਮਾਰੀ ਅਤੇ ਇਸ ਦੇ ਸਿੱਟਿਆਂ ਨਾਲ ਨਜਿੱਠਣ ਲਈ ਕੌਮਾਂਤਰੀ ਭਾਈਵਾਲੀ ਬਾਰੇ ਵਿਚਾਰ ਵਟਾਂਦਰੇ ਕਰਨਗੇ।

ਫਰਾਂਸ, ਜਰਮਨੀ ਅਤੇ ਬ੍ਰਿਟੇਨ ਨਾਲ ਭਾਰਤ ਦੇ ਸਬੰਧ ਸਾਂਝੀਆਂ ਲੋਕਤਾਂਤ੍ਰਿਕ ਕਦਰਾਂ ਕੀਮਤਾਂ ਦੀ ਬੁਨਿਆਦ 'ਤੇ ਆਧਾਰਿਤ ਹਨ ਅਤੇ ਇਨ੍ਹਾਂ ਸਬੰਧਾਂ ਦੀ ਖ਼ਾਸੀਅਤ ਟਿਕਾਊ ਵਿਕਾਸ ਅਤੇ ਮੌਸਮੀ ਤਬਦੀਲੀ ਵਰਗੇ ਮੁੱਦਿਆਂ ਬਾਰੇ ਸਾਂਝੀ ਦਿਲਚਸਪੀ ਹੈ। ਇਨ੍ਹਾਂ ਦੇਸ਼ਾਂ ਨਾਲ ਭਾਰਤ ਦੇ ਬਹੁਤ ਮਹੱਤਵਪੂਰਨ ਵਪਾਰਕ ਅਤੇ ਵਣਜ ਸਬੰਧ ਹਨ ਅਤੇ ਇਨ੍ਹਾਂ ਨਾਲ ਆਪਸ ਵਿੱਚ ਨਿਵੇਸ਼ ਦਾ ਵੱਡਾ ਪ੍ਰਵਾਹ ਹੈ। ਭਾਰਤ ਇਨ੍ਹਾਂ ਮੁਲਕਾਂ ਨਾਲ ਵੱਖ-ਵੱਖ ਮੁੱਦਿਆਂ ਬਾਰੇ ਬਹੁਪੱਖੀ ਮੰਚਾਂ 'ਤੇ ਵੀ ਨੇੜਤਾ ਨਾਲ ਕੰਮ ਕਰਦਾ ਹੈ।

ਭਾਰਤ ਦੀਆਂ ਤਰਜੀਹਾਂ ਜਿਵੇਂ ਮਜ਼ਬੂਤ ਅਤੇ ਸੁਧਰਿਆ ਹੋਇਆ ਬਹੁਪੱਖਵਾਦ, ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਵਿੱਚ ਆਉਣ ਵਾਲੇ ਇਸ ਦੇ ਆਰਜ਼ੀ ਕਾਰਜਕਾਲ ਸਣੇ ਵੱਡੇ ਬਹੁਪੱਖੀ ਜੁੜਾਅ ਅਤੇ ਆਜ਼ਾਦ, ਖੁੱਲ੍ਹੇ ਅਤੇ ਸਮਾਵੇਸ਼ੀ ਭਾਰਤ-ਪ੍ਰਸ਼ਾਂਤ ਖੇਤਰ ਪ੍ਰਤੀ ਇਸਦੀ ਵਚਨਬੱਧਤਾ ਬਾਰੇ ਗੱਲਬਾਤ ਹੋਵੇਗੀ।

ਵਿਦੇਸ਼ ਸਕੱਤਰ ਵੱਲੋਂ ਇਨ੍ਹਾਂ ਦੇਸ਼ਾਂ ਦੀ ਫੇਰੀ ਮਹਾਂਮਾਰੀ ਤੋਂ ਪੈਦਾ ਹੋਈਆਂ ਔਕੜਾਂ ਦੇ ਬਾਵਜੂਦ ਭਾਰਤ ਦੀ ਲਗਾਤਾਰ ਜਾਰੀ ਕੌਮਾਂਤਰੀ ਜੁੜਾਅ ਅਤੇ ਕੂਟਨੀਤਕ ਪਹਿਲਾਂ ਦਾ ਹਿੱਸਾ ਹੈ।

ਨਵੀਂ ਦਿਲੀ
28 ਅਕਤੂਬਰ, 2020

DISCLAIMER: This is an approximate translation. The original is available in English on MEA’s website and may be referred to as the official press release.